# Punjabi

Reference: TRA2427



ਕੱਪੜੇ ਦੀਆਂ ਫ਼ੈਕਟਰੀਆਂ ਵਿਚ ਵਾਪਰਨ ਵਾਲੇ ਹੋਰ ਖ਼ਤਰਿਆਂ ਨਾਲ ਐਨੀ ਤਬਾਹੀ ਨਹੀਂ ਹੁੰਦੀ ਜਿੰਨੀ ਅੱਗ ਨਾਲ ਹੁੰਦੀ ਹੈ। ਕੱਪੜੇ ਜਾਂ ਕੱਪੜੇ ਤੋਂ ਬਣੀਆਂ ਲੱਗਭਗ ਸਾਰੀਆਂ ਚੀਜ਼ਾਂ ਬੜੀ ਛੇਤੀ ਅੱਗ ਫੜਦੀਆਂ ਹਨ ਅਤੇ ਕੱਪੜੇ ਦੀਆਂ ਬਹੁਤ ਸਾਰੀਆ ਫ਼ੈਕਟਰੀਆਂ ਵਿਚ ਵੱਡੀ ਮਾਤਰਾ ਵਿਚ ਅਜਿਹੀਆਂ ਚੀਜ਼ਾਂ ਹੁੰਦੀਆਂ ਹਨ ਜਿਹਨਾਂ ਨੂੰ ਬੜੀ ਛੇਤੀ ਅੱਗ ਲਗ ਸਕਦੀ ਹੈ। ਥੋੜੇ ਜਿਹੇ ਸਮੇਂ ਵਿਚ ਹੀ ਸਾਰਾ ਮਾਲ ਅਤੇ ਸਾਮਾਨ ਸੜ ਕੇ ਸੁਆਹ ਹੋ ਸਕਦਾ ਹੈ, ਅਤੇ ਜਿਹਨਾਂ ਛੋਟੀਆਂ ਕੰਪਨੀਆਂ ਨੂੰ ਅੱਗ ਨਾਲ ਗੰਭੀਰ ਨੁਕਸਾਨ ਹੋ ਜਾਏ, ਉਹਨਾਂ ਵਿਚੋਂ ਬਹੁਤੀਆਂ ਮੁੜ ਕਦੇ ਨਹੀਂ ਖੁੱਲ੍ਹਦੀਆਂ।

ਪਰ ਇਸ ਪਰਚੇ ਦਾ ਸੰਬੰਧ ਸਿਰਫ਼ ਲੋਕਾਂ ਨਾਲ ਅਤੇ ਇਸ ਗੱਲ ਨਾਲ ਕਿ ਇਹਨਾਂ ਖ਼ਤਰਿਆਂ 'ਤੇ ਕਾਬੂ ਪਾਉਣ ਲਈ ਤੁਹਾਨੂੰ ਕੀ ਕਰਨਾ ਚਾਹੀਦਾ ਹੈ।

# ਕਾਨੂੰਨੀ ਤੌਰ 'ਤੇ ਜ਼ਰੂਰੀ ਕੰਮ

ਨੌਕਰੀ ਦੇਣ ਵਾਲੇ ਸਭ ਲੋਕਾਂ ਲਈ ਕਾਨੂੰਨੀ ਤੌਰ 'ਤੇ ਜ਼ਰੂਰੀ ਹੈ ਕਿ ਉਹ

- ☐ ਆਪਣੇ ਕੰਮ ਦੀ ਥਾਂ 'ਤੇ ਅੱਗ ਲੱਗਣ ਦੇ ਖ਼ਤਰਿਆਂ ਬਾਰੇ ਹਿਸਾਬ ਲੁਆਉਣ;
- ☐ ਇਹ ਗੱਲ ਯਕੀਨੀ ਬਣਾਉਣ ਕਿ ਕਾਫ਼ੀ ਸਾਵਧਾਨੀਆਂ ਵਰਤੀਆਂ ਜਾਣ ਤਾਕਿ ਅੱਗ ਲੱਗੇ ਹੀ ਨਾ;
- ☐ ਜੇ ਅੱਗ ਲਗ ਜਾਏ, ਤਾਂ ਲੋਕਾਂ ਦਾ ਬਚਾਓ ਕਰਨ।

ਭਾਵੇਂ ਕਾਰੋਬਾਰ ਧਾਗਾ ਤਿਆਰ ਕਰਨ, ਕੱਪੜਾ ਬਣਾਉਣ, ਬੁਣਾਈ, ਜਾਂ ਵਸਤਰ ਜਾਂ ਹੋਰ ਚੀਜ਼ਾਂ ਤਿਆਰ ਕਰਨ ਦਾ ਹੋਵੇ, ਇਹ ਗੱਲ ਜ਼ਰੂਰ ਲਾਗੂ ਹੁੰਦੀ ਹੈ। ਜੇ ਤੁਹਾਡੇ ਕੋਲ ਪੰਜ ਜਾਂ ਵੱਧ ਲੋਕ ਕੰਮ ਕਰਦੇ ਹਨ, ਤਾਂ ਖ਼ਤਰੇ ਦਾ ਹਿਸਾਬ ਲੁਆਉਣ ਵੇਲੇ ਸਾਹਮਣੇ ਆਈਆਂ ਮੁੱਖ ਗੱਲਾਂ ਲਿਖ ਕੇ ਲਾਉਣਾ ਤੁਹਾਡੇ ਲਈ ਜ਼ਰੂਰੀ ਹੈ।

# ਕੱਪੜੇ ਦੇ ਕੰਮ ਵਿਚ ਅੱਗ ਤੋਂ ਖ਼ਤਰਾ

ਕੱਪੜੇ ਦੀਆਂ ਬਹੁਤ ਸਾਰੀਆਂ ਚੀਜ਼ਾਂ ਤੋਂ ਅੱਗ ਜਾਣ ਦਾ ਖ਼ਤਰਾ ਬਹੁਤ ਹੁੰਦਾ ਹੈ, ਕਿਉਂਕਿ:

- ☐ ਇਹਨਾਂ ਨੂੰ ਬੜੀ ਛੇਤੀ ਅੱਗ ਲਗਦੀ ਹੈ;
- ☐ ਜੇ ਇਹਨਾਂ ਨੂੰ ਇਕ ਵਾਰ ਅੱਗ ਲਗ ਜਾਏ ਤਾਂ ਬੜੀ ਛੇਤੀ ਫੈਲਦੀ ਹੈ;
- ☐ ਇਹਨਾਂ ਨੂੰ ਅੱਗ ਲੱਗਣ ਨਾਲ ਬਹੁਤ ਜ਼ਹਰੀਲਾ ਧੂੰਆਂ ਫੈਲਦਾ ਹੈ।

ਕੱਪੜੇ ਦੀਆਂ ਚੀਜ਼ਾਂ ਅਤੇ ਕੱਪੜੇ ਦੀ ਸ਼ਕਲ ਅਤੇ ਕਿਸਮ ਦਾ ਅੱਗ ਲੱਗਣ ਅਤੇ ਇਹਦੇ ਨਤੀਜਿਆਂ 'ਤੇ ਬਹੁਤ ਅਸਰ ਪੈਂਦਾ ਹੈ। ਇਹਨਾਂ ਗੱਲਾਂ ਨਾਲ ਖ਼ਤਰਾ ਵਧਦਾ ਹੈ:

- ☐ ਖੁੱਲ੍ਹੀਆਂ ਅਤੇ ਖਿਲਰੀਆਂ ਪਈਆਂ ਚੀਜ਼ਾਂ, ਜਿਵੇਂ ਕੱਪੜੇ ਦੀਆਂ ਕਾਤਰਾਂ, ਕੱਪੜਿਆਂ ਵਿਚ ਭਰਨ ਵਾਲੇ ਸਾਮਾਨ ਦੀਆਂ ਤਹਿਆਂ;
- ☐ ਰੂੰ ਦੇ ਫੰਬੇ ਵਗ਼ੈਰਾ ਅਤੇ ਘੱਟਾ;
- ☐ ਤੇਲ-ਵਾਲੀ ਮੈਲ-ਜੰਮੇ ਕੱਪੜੇ;
- ☐ ਕੱਪੜੇ ਦੇ ਰੋਲਾਂ ਅਤੇ ਗੰਢਾਂ ਦੇ ਖੁਰਦਰੇ ਅਤੇ ਕੱਚੇ ਕੰਢੇ।

ਲਪਟਾਂ ਪਾਸਿਆਂ ਨੂੰ ਜਾਣ ਨਾਲੋਂ ਉੱਪਰ ਵਲ ਨੂੰ ਵੱਧ ਤੇਜ਼ੀ ਨਾਲ ਜਾਂਦੀਆਂ ਹਨ, ਇਸ ਲਈ ਜੇ ਤੁਸੀਂ ਚੀਜ਼ਾਂ ਦੇ ਉੱਚੇ ਅੰਬਾਰ ਲਾਏ ਹੋਏ ਹਨ, ਤਾਂ ਖ਼ਤਰਾ ਵਧ ਸਕਦਾ ਹੈ, ਭਾਵੇਂ ਇਹ ਅੰਬਾਰ ਕੱਪੜਿਆਂ ਦੀਆਂ ਗੰਢਾਂ, ਥਾਨਾਂ ਜਾਂ ਕਿਸੇ ਹੋਰ ਚੀਜ਼ ਦੇ ਹੋਣ। ਜੇ ਉੱਚੇ ਅੰਬਾਰਾਂ ਵਿਚ ਵਿਰਲ ਰੱਖੀ ਗਈ ਹੈ, ਤਾਂ 'ਚਿਮਨੀ' ਵਾਲਾ ਅਸਰ ਹੋ ਸਕਦਾ ਹੈ। ਅਤੇ ਲਪਟਾਂ ਹੋਰ ਵੀ ਤੇਜ਼ੀ ਨਾਲ ਫੈਲ ਸਕਦੀਆਂ ਹਨ।

ਲਪਟਾਂ 'ਚੋਂ ਨਿਕਲਿਆ ਗਰਮ ਧੂੰਆਂ ਛੱਤ ਤੋਂ ਹੇਠਾਂ ਵਲ ਨੂੰ ਆਉਂਦਾ ਹੈ। ਇਸ ਲਈ ਜੇ ਛੱਤ ਨੀਵੀਂ ਹੋਵੇ, ਤਾਂ ਕਮਰੇ ਵਿਚ ਧੂੰਆਂ ਫੈਲਣ 'ਤੇ ਤੁਹਾਨੂੰ ਬਚ ਕੇ ਨਿਕਲਣ ਲਈ ਘੱਟ ਸਮਾਂ ਮਿਲੇਗਾ। ਲੋੜ ਤੋਂ ਵੱਧ ਭਰੇ ਹੋਏ ਸਟੋਰ ਧੂੰਏ ਨਾਲ ਬੜੀ ਛੇਤੀ ਭਰ ਸਕਦੇ ਹਨ।

# ਅੱਗ ਤੋਂ ਸਾਵਧਾਨੀਆਂ

ਤੁਹਾਡੇ ਨੇੜੇ ਦਾ ਫ਼ਾਇਰ ਬ੍ਰਿਗੇਡ ਤੁਹਾਨੂੰ ਅੱਗ ਤੋਂ ਬਚਣ ਲਈ ਆਮ ਸਾਵਧਾਨੀਆਂ ਬਾਰੇ ਦੱਸ ਸਕਦਾ ਹੈ, ਜੋ ਸਭ ਬਿਲਡਿੰਗਾਂ ਲਈ ਜ਼ਰੂਰੀ ਹਨ। ਉਹ ਇਸ ਕਿਸਮ ਦੇ ਸਵਾਲਾਂ ਦੇ ਜਵਾਬ ਦੇ ਕੇ ਤੁਹਾਡੀ ਮਦਦ ਕਰ ਸਕਦੇ ਹਨ:

- ☐ ਕੀ ਬਾਹਰ ਨਿਕਲਣ ਦੇ ਕਾਫ਼ੀ ਸੁਰੱਖਿਅਤ ਰਸਤੇ ਹਨ, ਜਿਹਨਾ ਵਿਚ ਐਮਰਜੈਂਸੀ ਜਾਂ ਹੰਗਾਮੀ ਰਸਤੇ ਵੀ ਹੋਣ?
- ☐ ਅੱਗ ਲੱਗਣ ਵੇਲੇ ਬਾਹਰ ਨਿਕਲਣ ਦੇ ਕਿਹੜੇ ਨਿਸ਼ਾਨ ਲਾਉਣ ਦੀ ਲੋੜ ਹੈ?
- ☐ ਅੱਗ ਬੁਝਾਉਣ ਵਾਲੀਆਂ ਕਿਹੜੀ ਕਿਸਮ ਦੀਆ ਅਤੇ ਕਿੰਨੀਆਂ ਚੀਜ਼ਾਂ ਰੱਖੀਆਂ ਜਾਣ?
- ☐ ਕੀ ਮੈਨੂੰ ਅੱਗ 'ਤੇ ਕਾਬੂ ਪਾਉਣ ਦੇ ਹੋਰ ਢੰਗ ਵਰਤਣ ਦੀ ਲੋੜ ਹੈ - ਜਿਵੇਂ ਛਿੜਕਾਅ ਕਰਨ ਵਾਲੀਆਂ ਚੀਜ਼ਾਂ?
- ☐ ਕੀ ਫ਼ਾਇਰ ਅਲਾਰਮ (ਅੱਗ ਬਾਰੇ ਖ਼ਬਰਦਾਰ ਕਰਨ ਵਾਲਾ) ਸਿਸਟਮ ਲੁਆਉਣ ਦੀ ਲੋੜ ਹੈ?

**ਇਹ ਬਹੁਤ ਜ਼ਰੂਰੀ ਹੈ ਕਿ ਅੱਗ ਲਗਣ ਵੇਲੇ ਨਿਕਲ ਜਾਣ ਲਈ ਸਾਰੇ ਬੂਹੇ ਅਤੇ ਉਹਨਾਂ ਤਕ ਜਾਣ ਵਾਲੇ ਰਾਹਾਂ ਵਿਚ ਕਦੇ ਵੀ ਕੋਈ ਰੁਕਾਵਟ ਨਾ ਹੋਵੇ, ਅਤੇ ਜਦ ਵੀ ਬਿਲਡਿੰਗ ਵਿਚ ਲੋਕ ਹੋਣ ਉਸ ਵੇਲੇ ਕਿਸੇ ਵੀ ਬੂਹੇ ਨੂੰ ਜੰਦਰਾ ਨਾ ਲਗਿਆ ਹੋਵੇ।**

ਅੱਗ ਲੱਗਣ ਹੀ ਨਾ ਦੇਣ ਦੇ ਢੰਗਾਂ ਬਾਰੇ ਸੋਚਣਾ ਵੀ ਉਨਾ ਹੀ ਜ਼ਰੂਰੀ ਹੈ। ਇਸ ਹਿੱਸੇ ਵਿਚ ਦੱਸੀਆਂ ਸਾਵਧਾਨੀਆਂ ਬੜੀਆਂ ਹੀ ਸੌਖੀਆਂ ਹਨ, ਪਰ ਇਹਨਾਂ ਵਲ ਹਰ ਦਿਨ ਅਤੇ ਹਰ ਵੇਲੇ ਧਿਆਨ ਦੇਣ ਦੀ ਲੋੜ ਹੈ।

ਤੁਹਾਨੂੰ ਇਹ ਸਾਵਧਾਨੀਆਂ ਵਰਤਣ ਦੀ ਲੋੜ ਹੈ:

- ☐ ਇਹ ਗੱਲ ਯਕੀਨੀ ਬਣਾਓ ਕਿ ਰੂੰ ਦੇ ਫੰਬੇ ਵਗ਼ੈਰਾ ਅਤੇ ਧੂੜ ਮਿੱਟੀ ਰੋਜ਼ ਸਾਫ਼ ਕੀਤੀ ਜਾਏ, ਸਿਰਫ਼ ਫ਼ਰਸ਼ ਤੋਂ ਅਤੇ ਕੰਮ ਵਾਲੇ ਬੈਂਚਾਂ ਤੋਂ ਹੀ ਨਹੀਂ, ਸਗੋਂ ਉੱਚੀਆਂ ਥਾਵਾਂ ਤੋਂ ਵੀ - ਜਿੱਥੇ ਇਹ ਜੰਮ ਗਈ ਹੋਵੇ। (ਇਹਦੀਆਂ ਮੋਟੀਆਂ ਪਰਤਾਂ ਤੋਂ ਬੜਾ ਖ਼ਤਰਾ ਹੁੰਦਾ ਹੈ, ਅਤੇ ਖ਼ਾਸ ਤੌਰ 'ਤੇ ਜਦ ਇਹ ਲਾਈਟਾਂ 'ਤੇ ਜਾਂ ਬਿਜਲੀ ਦੇ ਸਾਮਾਨ 'ਤੇ ਜੰਮ ਜਾਣ);
- ☐ ਕਾਤਰਾਂ ਅਤੇ ਰੱਦੀ ਮਾਲ ਪਾਉਣ ਲਈ ਖ਼ਾਸ ਡੱਬੇ ਰੱਖੋ। ਧਾਤ ਦੇ ਡੱਬੇ ਇਸ ਕੰਮ ਲਈ ਸਭ ਤੋਂ ਵੱਧ ਚੰਗੇ ਹੁੰਦੇ ਹਨ, ਅਤੇ ਇਹ ਡੱਬੇ ਇੱਕੋ ਕੰਮ ਲਈ ਵਰਤੇ ਜਾਣੇ ਚਾਹੀਦੇ ਹਨ। ਦਿਨ ਵਿਚ ਘੱਟੋ ਘੱਟ ਇਕ ਵਾਰ ਇਹਨਾਂ ਨੂੰ ਜ਼ਰੂਰ ਖ਼ਾਲੀ ਕਰੋ ਜਾਂ ਕੰਮ ਵਾਲੇ ਕਮਰੇ 'ਚੋਂ ਕੱਢ ਜ਼ਰੂਰ ਦਿਓ;
- ☐ ਕਮਰਿਆਂ ਨੂੰ ਸਿਰਫ਼ ਅਜਿਹੇ ਹੀਟਰਾਂ ਨਾਲ ਗਰਮ ਕਰੋ ਜਿਹਨਾਂ ਨਾਲ ਅੱਗ ਨਹੀਂ ਲਗ ਸਕਦੀ। ਗੈਸ ਜਾਂ ਬਿਜਲੀ ਦੇ ਚਲੰਤ ਹੀਟਰ ਵਰਤਣਾ ਠੀਕ ਨਹੀਂ। ਭਾਫ ਜਾਂ ਗਰਮ ਪਾਣੀ ਨਾਲ ਗਰਮ ਹੋਣ ਵਾਲੇ ਰੇਡੀਏਟਰ ਵੱਧ ਸੁਰੱਖਿਅਤ ਹਨ;
- ☐ ਲੋਕਾਂ ਦੇ ਸਿਗਰਟ ਪੀਣ ਲਈ ਕੋਈ ਖ਼ਾਸ ਥਾਂ ਰੱਖੋ, ਅਤੇ ਇਹਨਾ ਥਾਵਾਂ 'ਤੇ ਐਸ਼ਟ੍ਰੇਆਂ ਰੱਖੋ, ਅਤੇ ਖ਼ਾਸ ਨਿਗਰਾਨੀ ਰੱਖੋ ਕਿ ਕੀ ਕੋਈ ਇਹਨਾਂ ਨਿਯਮਾਂ ਨੂੰ ਤੋੜ ਤਾਂ ਨਹੀਂ ਰਿਹਾ;
- ☐ ਇਹ ਗੱਲ ਯਕੀਨੀ ਬਣਾਓ ਕਿ ਬਿਜਲੀ ਦਾ ਸਾਮਾਨ ਚੰਗੀ ਕਿਸਮ ਦਾ ਹੋਵੇ ਅਤੇ ਉਹਦੀ ਚੰਗੀ ਦੇਖਭਾਲ ਵੀ ਹੋਵੇ। ਸੀਉਣ ਦੀਆਂ ਮਸ਼ੀਨਾਂ ਜਾਂ ਚਲੰਤ ਚੀਜ਼ਾਂ ਤਕ ਜਾਣ ਵਾਲੀਆਂ ਲੀਡਾਂ, ਲੋੜ ਤੋਂ ਵੱਧ ਗਰਮ ਹੋਏ ਪਲੱਗਾਂ ਅਤੇ ਸੌਕਟਾਂ, ਪੁਰਾਣੀਆਂ ਤਾਰਾਂ, ਟੁੱਟੀ ਭੱਜੀ ਇੰਨਸੂਲੇਸ਼ਨ, ਇਹਨਾਂ ਸਭਨਾਂ ਤੋਂ ਅੱਗ ਲੱਗਣ ਦਾ ਖ਼ਤਰਾ ਹੁੰਦਾ ਹੈ;

- ☐ ਆਪਣੇ ਕੰਮ ਦਾ ਪ੍ਰਬੰਧ ਇਸ ਤਰ੍ਹਾਂ ਕਰੋ ਕਿ ਕੰਮ ਵਾਲੀ ਥਾਂ 'ਤੇ ਘੱਟ ਮਾਲ ਹੋਵੇ। ਸਟੋਰ ਅਤੇ ਕੰਮ ਦੀ ਥਾਂ ਵੱਖ ਵੱਖ ਰੱਖੋ। ਇਹਦੇ ਨਾਲ ਅੱਗ ਲੱਗਣ 'ਤੇ ਸੜਨ ਵਾਲਾ ਸਾਮਾਨ ਘੱਟ ਹੋਏਗਾ, ਅਤੇ ਨਾਲ ਹੀ ਬਾਹਰ ਜਾਣ ਦਾ ਰਸਤਾ ਵੀ ਖੁੱਲ੍ਹਾ ਰਹੇਗਾ;
- ☐ ਜੇ ਕਿਸੇ ਨੇ ਖੁੱਲ੍ਹੀ ਅੱਗ ਨਾਲ ਕੰਮ ਕਰਨਾ ਹੋਵੇ, ਜਿਵੇਂ ਬ੍ਰੇਜ਼ਿੰਗ ਜਾਂ ਵੈਲਡਿੰਗ ਦਾ ਕੰਮ, ਤਾਂ ਉਹ ਥਾਂ ਪੂਰੀ ਤਰ੍ਹਾਂ ਸਾਫ਼ ਕਰ ਦਿਓ। ਇਸ ਕਿਸਮ ਦੇ ਕੰਮ ਤੋਂ ਬੜਾ ਖ਼ਤਰਾ ਹੁੰਦਾ ਹੈ, ਅਤੇ ਸਟਾਫ਼ ਦੇ ਕਿਸੇ ਜ਼ਿੰਮੇਦਾਰ ਮੈਂਬਰ ਤੋਂ ਸਪਸ਼ਟ ਪ੍ਰਵਾਨਗੀ ਲਏ ਬਿਨਾਂ ਇਹ ਕੰਮ ਕਦੇ ਸ਼ੁਰੂ ਨਾ ਕਰੋ। ਚੰਗੀ ਗੱਲ ਹੋਏਗੀ ਜੇ ਕੰਮ ਖ਼ਤਮ ਹੋਣ ਮਗਰੋਂ ਇਕ ਘੰਟਾ ਖ਼ਿਆਲ ਰੱਖੋ ਕਿ ਕਿਧਰੇ ਅੱਗ ਤਾਂ ਨਹੀਂ ਸੁਲਗ ਰਹੀ।

ਕੁਝ ਸਾਵਧਾਨੀਆਂ ਵਰਤਣ ਲਈ ਵੱਧ ਸੋਚ ਵਿਚਾਰ ਕਰਨ ਅਤੇ ਵਿਉਂਤ ਬਣਾਉਣ ਦੀ ਲੋੜ ਪੈ ਸਕਦੀ ਹੈ, ਅਤੇ ਹੋ ਸਕਦਾ ਹੈ ਕਿ ਤੁਹਾਨੂੰ ਕਿਸੇ ਮਾਹਰ ਤੋਂ (ਮਿਸਾਲ ਵਜੋਂ, ਹੈਲਥ ਐਂਡ ਸੇਫ਼ਟੀ ਐਗਜ਼ੈਕਟਿਵ (ਐਚ.ਐੱਸ.ਈ), ਫ਼ਾਇਰ ਬ੍ਰਿਗੇਡ, ਸਲਾਹਕਾਰਾਂ ਜਾਂ ਸਾਮਾਨ ਵੇਚਣ ਵਾਲਿਆਂ ਤੋਂ) ਸਲਾਹ ਲੈਣੀ ਪਏ ਕਿ ਇਹਨਾਂ ਦੀ ਕਦ ਲੋੜ ਹੁੰਦੀ ਹੈ। ਇਹਨਾਂ ਸਾਵਧਾਨੀਆਂ ਵਿਚ ਇਹ ਚੀਜ਼ਾਂ ਸ਼ਾਮਿਲ ਹੋ ਸਕਦੀਆਂ ਹਨ:

- ☐ **ਸਮੋਕ ਡਿਟੈਕਟਰ** ਫ਼ਾਇਰ ਅਲਾਰਮ ਸਿਸਟਮ ਨਾਲ ਜੁੜੇ ਹੋਏ, ਜੋ ਅੱਗ ਬਾਰੇ ਛੇਤੀ ਖ਼ਬਰਦਾਰ ਕਰ ਸਕਦੇ ਹਨ। ਜੇ ਅੱਗ ਸਟੋਰਾਂ ਵਿਚ ਜਾਂ ਅਜਿਹੀਆਂ ਥਾਵਾਂ 'ਤੇ ਸ਼ੁਰੂ ਹੋਏ ਜਿੱਥੇ ਕੁਝ ਮਿੰਟ ਇਹਦੇ ਬਾਰੇ ਪਤਾ ਨਹੀਂ ਲਗਦਾ, ਤਾਂ ਬਚ ਕੇ ਨਿਕਲ ਜਾਣ ਅਤੇ ਅੱਗ ਨਾਲ ਨਿਪਟਣ ਲਈ ਮਿਲਿਆ ਕੁਝ ਵਾਧੂ ਸਮਾਂ ਬੜਾ ਮੁੱਲਵਾਨ ਹੋ ਸਕਦਾ ਹੈ;
- ☐ **ਸਟੋਰ ਵਾਲੀ ਥਾਂ** 'ਤੇ ਲੱਗੀ ਅੱਗ ਤੋਂ ਕੰਮ ਵਾਲੀ ਥਾਂ ਦੇ ਲੋਕਾਂ ਦਾ ਇਕਦਮ ਬਚਾਓ ਕਰਨਾ। ਇਹ ਕੰਮ ਕਈ ਢੰਗਾਂ ਨਾਲ ਕੀਤਾ ਜਾ ਸਕਦਾ ਹੈ। ਜਿਵੇਂ ਕਿ, ਸਟੋਰ ਅਤੇ ਕੰਮ ਵਾਲੀਆਂ ਥਾਵਾਂ ਵੱਖ ਵੱਖ ਬਿਲਡਿੰਗਾਂ ਵਿਚ ਹੋਣ। ਜੇ ਇਹ ਨਾ ਹੋ ਸਕੇ, ਤਾਂ ਸਟੋਰ ਅਤੇ ਕੰਮ ਵਾਲੀ ਥਾਂ ਵਿਚਕਾਰ ਅੱਗ ਰੋਕਣ ਵਾਲੀ ਕੰਧ ਬਣਾ ਲਈ ਜਾਏ;
- ☐ ਅੱਗ ਦਾ ਖ਼ਤਰਾ ਪੈਦਾ ਕਰਨ ਵਾਲੀ **ਮਸ਼ੀਨਰੀ ਜਾਂ ਪਲਾਂਟ** ਬਾਰੇ ਖ਼ਾਸ ਸਾਵਧਾਨੀਆਂ। ਇਹ ਗੱਲ ਖ਼ਾਸ ਤੌਰ 'ਤੇ ਸਮਝ ਲਓ ਕਿ ਕੱਪੜੇ ਦੀਆਂ ਚੀਜ਼ਾਂ ਨੂੰ ਸੁਕਾਉਣ ਜਾਂ ਗਰਮ ਕਰਨ ਵਾਲੀ ਮਸ਼ੀਨਰੀ ਤੋਂ ਅਤੇ ਜਿਹਨਾਂ ਮਸ਼ੀਨਾਂ ਵਿਚ ਜਲ ਸਕਣ ਵਾਲੀਆਂ ਚੀਜ਼ਾਂ, ਸੌਲਵੈਂਟਾਂ ਜਾਂ ਗੂੰਦ ਵਗ਼ੈਰਾ ਵਰਤੇ ਜਾਂਦੇ ਹਨ ਉਹਨਾਂ ਤੋਂ ਅੱਗ ਲੱਗਣ ਦੇ ਖ਼ਤਰੇ ਤੋਂ ਕਿਵੇਂ ਬਚਿਆ ਜਾ ਸਕਦਾ ਹੈ;

- "ਹਾਈਲੀ ਫ਼ਲੇਮੇਬਲ" (ਬਹੁਤ ਛੇਤੀ ਬਲ ਉੱਠਣ ਵਾਲੇ) ਤਰਲ ਪਦਾਰਥਾਂ ਨੂੰ ਵਰਤਣ ਵੇਲੇ ਸਾਵਧਾਨੀਆਂ। ਇਹਨਾਂ ਤੋਂ ਅੱਗ ਲੱਗਣ ਦਾ ਖ਼ਾਸ ਤੌਰ 'ਤੇ ਬਹੁਤ ਖ਼ਤਰਾ ਹੁੰਦਾ ਹੈ, ਅਤੇ ਇਹ ਬਹੁਤ ਜ਼ਰੂਰੀ ਹੈ ਕਿ ਇਹ ਚੀਜ਼ਾਂ ਵੇਚਣ ਵਾਲਿਆਂ ਵਲੋਂ ਦਿੱਤੀ ਜਾਣਕਰੀ ਅਤੇ ਸਲਾਹ ਤੁਸੀਂ ਬੜੇ ਧਿਆਨ ਨਾਲ ਪੜ੍ਹੋ। ਜਿਹੜੇ ਤਰਲ ਪਦਾਰਥ "ਹਾਈਲੀ ਫ਼ਲੇਮੇਬਲ" ਨਹੀਂ ਦੱਸੇ ਜਾਂਦੇ ਉਹਨਾ ਨੂੰ ਵਰਤਣਾ ਵੱਧ ਸੁਰੱਖਿਅਤ ਹੁੰਦਾ ਹੈ, ਅਤੇ ਤੁਸੀਂ ਜਿੱਥੇ ਵੀ ਹੋ ਸਕੇ ਉਹਨਾਂ ਨੂੰ ਤਰਜੀਹ ਦਿਓ। ਇਹਨਾ ਨੂੰ ਅਤੇ ਤੁਹਾਡੇ ਕੰਮਾਂ ਵਿਚ ਵਰਤੇ ਜਾਣ ਵਾਲੇ ਕੁਝ ਹੋਰ ਕੈਮੀਕਲਾ ਨੂੰ ਸਟੋਰ ਕਰਨ ਅਤੇ ਵਰਤਣ ਵੇਲੇ ਖ਼ਾਸ ਸਾਵਧਾਨੀ ਵਰਤਣ ਦੀ ਲੋੜ ਹੁੰਦੀ ਹੈ।

## ਹੋਰ ਪੜ੍ਹਨ ਲਈ

*Fire Precautions in the clothing and textile industries*
HSE Books 2000
**ISBN 0 7176 1786 6**
(ਸੰਨ 2000 ਵਿਚ ਪ੍ਰਕਾਸ਼ਿਤ ਹੋਏਗੀ)

*Fire safety: An Employers guide*
The Stationery Office 1999
**ISBN 0 11 341229 0**

ਇਸ ਪਰਚੇ ਜਿਹਨਾਂ ਕਿਤਾਬਾਂ ਦਾ ਜ਼ਿਕਰ ਹੈ ਉਹਨਾਂ ਬਾਰੇ ਸਹੀ ਹਵਾਲਾ ਦੇਣ ਦੀ ਪੂਰੀ ਕੋਸ਼ਿਸ਼ ਕੀਤੀ ਗਈ ਹੈ, ਪਰ ਇਹ ਗਾਰੰਟੀ ਨਹੀਂ ਕਿ ਆਉਣ ਵਾਲੇ ਸਮੇਂ ਵਿਚ ਇਹ ਜ਼ਰੂਰ ਮਿਲ ਸਕਣਗੀਆਂ।

## ਵਧੇਰੇ ਜਾਣਕਾਰੀ

ਐਚ. ਐੱਸ. ਈ ਦੀਆਂ ਵਿਕਣ ਵਾਲੀਆਂ ਅਤੇ ਮੁਫ਼ਤ ਮਿਲ ਵਾਲੀਆਂ ਕਿਤਾਬਾਂ ਡਾਕ ਰਾਹੀਂ ਇਸ ਪਤੇ ਤੋਂ ਮੰਗਵਾਈਆਂ ਜਾ ਸਕਦੀਆਂ ਹਨ:
HSE Books, PO Box 1999,
Sudbury, Suffolk CO10 2WA
ਟੈਲੀਫ਼ੋਨ: 01787 881165
ਫ਼ੈਕਸ: 01787 313995
ਵੈੱਬਸਾਈਟ: **www.hsebooks.co.uk**

ਐੱਚ. ਐੱਸ. ਈ ਦੀਆਂ ਵਿਕਣ ਵਾਲੀਆਂ ਕਿਤਾਬਾਂ ਚੰਗੀਆਂ ਕਿਤਾਬਾਂ ਦੀਆਂ ਦੁਕਾਨਾਂ ਤੋਂ ਵੀ ਮਿਲ ਸਕਦੀਆਂ ਹਨ।

ਸਟੇਸ਼ਨਰੀ ਆਫ਼ਿਸ (ਪੁਰਾਣਾ ਨਾਂ ਐਚ. ਐਮ. ਐੱਸ. ਓ) ਦੀਆਂ ਕਿਤਾਬਾਂ ਇਸ ਪਤੇ ਤੋਂ ਮਿਲਦੀਆਂ ਹਨ:
The Publications Centre
PO Box 276, London SW8 5DT
ਟੈਲੀਫ਼ੋਨ: 0870 600 5522
ਫ਼ੈਕਸ: 0870 600 5533

ਇਹ ਕਿਤਾਬਾਂ ਦੀਆਂ ਦੁਕਾਨਾਂ ਤੋਂ ਵੀ ਮਿਲ ਸਕਦੀਆਂ ਹਨ।

ਹੋਰ ਪੁੱਛ ਗਿੱਛ ਲਈ ਐਚ. ਐੱਸ. ਈ ਦੀ ਇਨਫ਼ੋ-ਲਾਈਨ ਨੂੰ ਨੰਬਰ 08701 545500 'ਤੇ ਫ਼ੋਨ ਕਰੋ, ਜਾਂ ਇਸ ਪਤੇ 'ਤੇ ਖ਼ਤ ਲਿਖੋ
HSE's Information Centre
Broad Lane, Sheffiled S3 7HQ
ਵੈੱਬਸਾਈਟ: **www.hse.gov.uk**

ਇਹ ਪਰਚਾ ਟੈਕਸਟਾਈਲ ਇੰਡੱਸਟ੍ਰੀ ਐਡਵਾਈਜ਼ਰੀ ਕਮੇਟੀ ਨੇ ਤਿਆਰ ਕੀਤਾ ਹੈ ਅਤੇ ਹੈਲਥ ਐਂਡ ਸੇਫ਼ਟੀ ਕਮਿਸ਼ਨ ਨੇ ਇਹਨੂੰ ਪ੍ਰਵਾਨਗੀ ਦਿੱਤੀ ਹੈ। ਇਸ ਵਿਚ ਚੰਗੀਆਂ ਗੱਲਾਂ ਦੱਸੀਆਂ ਗਈਆਂ ਹਨ ਜਿਹਨਾਂ 'ਤੇ ਅਮਲ ਕਰਨਾ ਲਾਜ਼ਮੀ ਨਹੀਂ, ਪਰ ਜਿਹਨਾਂ ਤੋਂ ਤੁਹਾਨੂੰ ਇਹ ਫ਼ੈਸਲਾ ਕਰਨ ਵਿਚ ਮਦਦ ਮਿਲ ਸਕਦੀ ਹੈ ਕਿ ਤੁਹਾਨੂੰ ਕੀ ਕੁਝ ਕਰਨ ਦੀ ਲੋੜ ਹੈ।

ਇਹ ਪਰਚਾ ਪੰਦਰਾਂ ਪੰਦਰਾਂ ਦੇ ਪੈਕਾਂ ਵਿਚ HSE Books ਤੋਂ ਖ਼ਰੀਦਿਆ ਜਾ ਸਕਦਾ ਹੈ, ISBN 0 7176 1785 8. ਇਹਦੀ ਇੱਕ ਕਾਪੀ ਮੁਫ਼ਤ ਵੀ HSE Books ਤੋਂ ਲਈ ਜਾ ਸਕਦੀ ਹੈ।

ਇਹ ਪਰਚਾ ਹਿੰਦੀ, ਗੁਜਰਾਤੀ, ਉਰਦੂ, ਬੰਗਾਲੀ, ਪੰਜਾਬੀ, ਵੀਅਤਨਾਮੀ ਅਤੇ ਟਰਕਿਸ਼ ਵਿਚ ਵੀ ਇਸ ਪਤੇ ਤੋਂ ਮੰਗਵਾਇਆ ਜਾ ਸਕਦਾ ਹੈ:

Polymers and Fibres Sector
Textiles Group, HSE, 8 St Pauls
Street, LEEDS LS1 2LE
ਟੈਲੀਫ਼ੋਨ: 0113 283 4200

ਇਸ ਪਰਚੇ ਦੀਆਂ ਕਾਪੀਆਂ ਬੇਰੋਕ ਕੀਤੀਆਂ ਜਾ ਸਕਦੀਆਂ ਹਨ, ਪਰ ਇਸ਼ਤਿਹਾਰ ਦੇਣ, ਵਪਾਰਕ ਪ੍ਰਵਾਨਗੀ ਦੇਣ ਜਾਂ ਹੋਰ ਵਪਾਰਕ ਕੰਮਾਂ ਲਈ ਨਹੀਂ। ਇਹ ਜਾਣਕਾਰੀ 5/2000 ਤਕ ਸਹੀ ਹੈ। ਇਹ ਦੱਸਣ ਦੀ ਕਿਰਪਾ ਕਰਨੀ ਕਿ ਇਹ ਜਾਣਕਾਰੀ ਤੁਸੀਂ ਐਚ. ਐੱਸ. ਈ ਤੋਂ ਲਈ ਹੈ।

IACL107 5/00 C000

ਹੈਲਥ ਐਂਡ ਸੇਫ਼ਟੀ ਐਗਜ਼ੈਟਿਵ ਨੇ ਛਪਵਾ ਕੇ ਪ੍ਰਕਾਸ਼ਿਤ ਕੀਤਾ।